census
2021

# ਮਰਦਮਸ਼ੁਮਾਰੀ 2021 ਵਿਚ ਹਿੱਸਾ ਲੈਣ ਲਈ ਹਰੇਕ ਦੀ ਮਦਦ

**ਮਰਦਮਸ਼ੁਮਾਰੀ ਮਾਰਚ 2021 ਵਿਚ ਹੋ ਰਹੀ ਹੈ।
ਇਸ ਵਿਚ ਹਿੱਸਾ ਲੈ ਕੇ ਅਤੇ ਦੂਸਰਿਆਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਤ ਕਰਕੇ, ਤੁਸੀਂ ਇਹ ਯਕੀਨੀ ਬਣਾਉਣ ਵਿਚ ਸਹਾਇਤਾ ਕਰਦੇ ਹੋ ਕਿ ਤੁਹਾਨੂੰ ਅਤੇ ਤੁਹਾਡੇ ਸਮੂਹ ਨੂੰ ਸਾਰੀਆਂ ਲੋੜੀਂਦੀਆਂ ਸੇਵਾਵਾਂ ਪ੍ਰਾਪਤ ਹੋਣ।**

# ਮਰਦਮਸ਼ੁਮਾਰੀ ਕੀ ਹੈ?

ਮਰਦਮਸ਼ੁਮਾਰੀ ਇਕ ਸਰਵੇਖਣ ਹੈ ਜੋ ਹਰ 10 ਸਾਲਾਂ ਬਾਅਦ ਹੁੰਦਾ ਹੈ ਅਤੇ ਇਹ ਸਾਨੂੰ ਇੰਗਲੈਂਡ ਅਤੇ ਵੇਲਜ਼ ਦੇ ਸਾਰੇ ਲੋਕਾਂ ਅਤੇ ਘਰਾਂ ਦੀ ਮੂਰਤ ਪੇਸ਼ ਕਰਦਾ ਹੈ।

ਸਥਾਨਕ ਕੌਂਸਲਾਂ, ਚੈਰਿਟੀਆਂ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਮਰਦਮਸ਼ੁਮਾਰੀ ਦੀ ਜਾਣਕਾਰੀ ਦੀ ਵਰਤੋਂ ਇਹ ਫੈਸਲਾ ਕਰਨ ਲਈ ਕਰਦੀਆਂ ਹਨ ਕਿ ਹਰ ਸਾਲ ਸੇਵਾਵਾਂ ਤੇ ਅਰਬਾਂ ਪੌਂਡ ਕਿਵੇਂ ਖਰਚੇ ਜਾਣ।

ਇਸ ਵਿਚ ਆਵਾਜਾਈ, ਸਿੱਖਿਆ ਅਤੇ ਸਿਹਤ ਸੰਭਾਲ ਤੇ ਖਰਚਾ ਸ਼ਾਮਲ ਹੈ। ਇਹ ਮਹੱਤਵਪੂਰਨ ਹੈ ਕਿ ਮਰਦਮਸ਼ੁਮਾਰੀ ਹਰ ਇਕ ਦੀ ਗਿਣਤੀ ਕਰੇ ਤਾਂ ਕਿ ਇਹ ਸੁਨਿਸ਼ਚਿਤ ਬਣਾਇਆ ਜਾ ਸਕੇ ਕਿ ਇਹ ਪੈਸਾ ਉਥੇ ਖਰਚਿਆ ਜਾਵੇ ਜਿਥੇ ਇਸਦੀ ਸਭ ਤੋਂ ਵੱਧ ਜ਼ਰੂਰਤ ਹੈ।





# ਤੁਹਾਡੀ ਸਹਾਇਤਾ ਮਹੱਤਵਪੂਰਨ ਹੈ

ਸਾਡਾ ਇਹ ਸਮਝਣਾ ਹੈ ਕਿ ਭਾਈਚਾਰਿਆਂ ਨਾਲ ਚੰਗੇ ਸੰਬੰਧ ਬਣਾਉਣ ਦਾ ਅਰਥ ਹੈ ਕਿ ਵਧੇਰੇ ਲੋਕ ਮਰਦਮਸ਼ੁਮਾਰੀ ਵਿਚ ਹਿੱਸਾ ਲੈਣਾ ਚਾਹੁਣਗੇ।

ਅਸੀਂ ਇਹ ਵੀ ਸਮਝਦੇ ਹਾਂ ਕਿ ਤੁਹਾਡੇ ਭਾਈਚਾਰੇ ਨੂੰ ਤੁਹਾਡੇ ਨਾਲੋਂ ਵਧੀਆ ਕੋਈ ਨਹੀਂ ਜਾਣਦਾ। ਹਿੱਸਾ ਲੈਣ ਵਿਚ ਲੋਕਾਂ ਦੀ ਸਹਾਇਤਾ ਵਾਸਤੇ ਭਰੋਸੇਯੋਗ ਸਥਾਨਕ ਨੇਤਾਵਾਂ ਅਤੇ ਭਾਈਚਾਰੇ ਦੇ ਨੁਮਾਇੰਦਿਆਂ ਦਾ ਸਮਰਥਨ ਬਹੁਤ ਮਹੱਤਵਪੂਰਣ ਹੋਵੇਗਾ।

# ਭਾਈਚਾਰਕ ਲਿੰਕ ਬਣਾਉਣੇ

ਮਰਦਮਸ਼ੁਮਾਰੀ 2021 ਲਈ ਵੱਧ ਤੋਂ ਵੱਧ ਸੰਭਵ ਸਰੋਤਿਆਂ ਤੱਕ ਪਹੁੰਚਣ ਲਈ ਸਾਨੂੰ ਤੁਹਾਡੀ ਮਦਦ ਦੀ ਲੋੜ ਹੈ।

ਸਾਡਾ ਲੋਕਲ ਭਾਈਚਾਰਕ ਐਂਗੇਜਮੰਟ ਸਟਾਫ ਮਰਦਮਸ਼ੁਮਾਰੀ ਦੌਰਾਨ ਅਜਿਹੇ ਸਰੋਤ, ਸਲਾਹ ਅਤੇ ਵਿਵਹਾਰਕ ਸਹਾਇਤਾ ਸਮੇਤ ਉਪਲੱਬਧ ਹੋਵੇਗਾ ਜਿਹੜਾ ਹਰੇਕ ਨੂੰ ਹਿੱਸਾ ਲੈਣ ਵਿਚ ਸਹਾਇਤਾ ਮੁਹੱਈਆ ਕਰਦਾ ਹੋਵੇ।



# ਗਿਆਨ

ਤੁਹਾਡੇ ਕੋਲ ਆਪਣੇ ਭਾਈਚਾਰੇ ਦੀਆਂ ਰੁਚੀਆਂ ਅਤੇ ਉਹ ਜਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਉਸ ਬਾਰੇ ਅਨੋਖੀ ਸਮਝ ਹੈ। ਇਹ ਗਿਆਨ ਸਾਡੀ ਅਜਿਹੀ ਸਹਾਇਤਾ ਦੀ ਯੋਜਨਾ ਬਣਾਉਣ ਵਿਚ ਮਦਦ ਕਰਦਾ ਹੈ ਜੋ ਹਰ ਇਕ ਨੂੰ ਹਿੱਸਾ ਲੈਣ ਵਿਚ ਸਹਾਇਤਾ ਕਰਦੀ ਹੈ।

# ਜਾਗਰੂਕਤਾ

ਤੁਹਾਡੇ ਭਾਈਚਾਰਕ ਸੰਬੰਧ ਇਹ ਦੱਸਣ ਵਿਚ ਸਾਡੀ ਮਦਦ ਕਰ ਸਕਦੇ ਹਨ ਕੀ ਇਹ ਮਰਦਮਸ਼ੁਮਾਰੀ ਕੀ ਹੈ ਅਤੇ ਇਹ ਸਭ ਲਈ ਮਹੱਤਵਪੂਰਣ ਕਿਉਂ ਹੈ। ਇਸ ਨਾਲ ਮਰਦਮਸ਼ੁਮਾਰੀ ਵਿਚ ਵਿਸ਼ਵਾਸ ਪੈਦਾ ਹੋਵੇਗਾ ਅਤੇ ਸਮਰਥਨ ਵਧਾਏਗਾ।

# ਪਹੁੰਚ

ਤੁਹਾਡਾ ਨੈਟਵਰਕ ਭਾਈਚਾਰੇ ਵਿਚ ਉਨ੍ਹਾਂ ਲੋਕਾਂ ਤੱਕ ਪਹੁੰਚਣ ਵਿਚ ਸਾਡੀ ਮਦਦ ਕਰ ਸਕਦਾ ਹੈ ਜਿਨ੍ਹਾਂ ਨੂੰ ਹਿੱਸਾ ਲੈਣ ਲਈ ਸਹਾਇਤਾ ਦੀ ਜ਼ਰੂਰਤ ਹੈ। ਇਹ ਯਕੀਨੀ ਬਣਾਏਗਾ ਕਿ ਉਹ ਸ਼ਾਮਲ ਕੀਤੇ ਗਏ ਹਨ।

# ਹੋਰ ਜਾਣਕਾਰੀ ਪ੍ਰਾਪਤ ਕਰੋ

ਆਪਣੇ ਭਾਈਚਾਰੇ ਦੇ ਸਮਰਥਨ ਵਾਸਤੇ ਇਕੱਠੇ ਕੰਮ ਕਰਨ ਬਾਰੇ ਹੋਰ ਪਤਾ ਕਰੋ।

ਮਰਦਮਸ਼ ਬਾਰੇ ਇਥੇ ਹੋਰ ਪੜ੍ਹੋ **www.census.gov.uk**

ਮਰਦਮਸ਼ ਨੂੰ ਫਾਲੋ ਕਰੋ **@Census2021**

